The Washington State
# BOARD OF EDUCATION

**ਬੋਰਡ ਬਾਰੇ**

**ਅਸੀਂ ਰਾਜ ਦੀ K-12 ਜਨਤਕ ਸਿੱਖਿਆ ਪ੍ਰਣਾਲੀ ਲਈ ਨੀਤੀਆਂ ਨੂੰ ਆਕਾਰ ਦਿੰਦੇ ਹਾਂ ਅਤੇ ਵਕਾਲਤ ਕਰਦੇ ਹਾਂ।**

ਸਾਡਾ **ਮਿਸ਼ਨ** ਇੱਕ **ਨਿਰਪੱਖ ਅਤੇ ਸਮਾਵੇਸ਼ੀ K-12 ਸਿੱਖਿਆ ਪ੍ਰਣਾਲੀ** ਦਾ ਵਿਕਾਸ ਕਰਨਾ ਹੈ ਜੋ ਸਾਡੇ **ਦ੍ਰਿਸ਼ਟੀਕੋਣ** ਨੂੰ ਪੂਰਾ ਕਰਦਾ ਹੈ ਕਿ **ਹਰ ਵਿਦਿਆਰਥੀ ਨੂੰ ਉਸ ਗਿਆਨ ਅਤੇ ਹੁਨਰਾਂ ਨਾਲ ਸ਼ਕਤੀਸ਼ਾਲੀ ਬਣਾਇਆ ਜਾਵੇ ਜੋ ਉਨ੍ਹਾਂ ਨੂੰ ਬਦਲਦੀ ਦੁਨੀਆ ਵਿੱਚ ਖੁਸ਼ਹਾਲ ਹੋਣ ਲਈ ਚਾਹੀਦੇ ਹਨ।**

ਅਸੀਂ ਆਪਣੇ **ਦ੍ਰਿਸ਼ਟੀਕੋਣ ਨੂੰ ਸਾਕਾਰ** ਕਰਨ ਲਈ ਇਨ੍ਹਾਂ ਰਾਹੀਂ ਕੰਮ ਕਰਦੇ ਹਾਂ

- ***ਭਾਈਵਾਲਾਂ ਨਾਲ ਸਹਿਯੋਗ ਕਰਨਾ***
- ***ਨਵੀਨਤਾਕਾਰੀ ਨੀਤੀ ਵਿਕਸਿਤ ਕਰਨਾ***
- ***ਪਰਿਵਰਤਨਕਾਰੀ ਬਦਲਾਅ ਲਈ ਵਕਾਲਤ ਕਰਨਾ***

## ਪਹੁੰਚ

ਅਸੀਂ ਸਿੱਖਿਆ ਨੀਤੀ ਨੂੰ ਆਕਾਰ ਦੇਣ ਵਿੱਚ ਰਾਜ ਭਰ ਦੇ ਵਿਦਿਆਰਥੀਆਂ, ਪਰਿਵਾਰਾਂ, ਅਤੇ ਭਾਈਚਾਰਿਆਂ ਨਾਲ ਜੁੜਨ ਲਈ ਵਚਨਬੱਧ ਹਾਂ, ਖਾਸ ਕਰਕੇ ਉਨ੍ਹਾਂ ਦੀਆਂ ਆਵਾਜ਼ਾਂ 'ਤੇ ਕੇਂਦਰਿਤ ਹੋ ਕੇ ਜਿਨ੍ਹਾਂ ਨੂੰ ਸਿੱਖਿਆ ਪ੍ਰਣਾਲੀ ਦੁਆਰਾ ਚੰਗੀ ਤਰ੍ਹਾਂ ਸੇਵਾ ਨਹੀਂ ਦਿੱਤੀ ਗਈ ਹੈ। ਅਸੀਂ ਇੱਕ ਸਹਿਯੋਗੀ ਪਹੁੰਚ ਵੱਲ ਵਧ ਰਹੇ ਹਾਂ ਜਿੱਥੇ ਨੀਤੀਆਂ ਨੂੰ ਉਨ੍ਹਾਂ ਭਾਈਚਾਰਿਆਂ ਦੇ ਨਾਲ ਮਿਲ ਕੇ ਤਿਆਰ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।

ਅਸੀਂ 12 ਸਟਾਫ ਮੈਂਬਰਾਂ ਦੁਆਰਾ ਸਮਰਥਿਤ 16 ਮੈਂਬਰਾਂ ਵਾਲਾ ਨੀਤੀ ਬੋਰਡ ਹਾਂ। ਸਾਡੇ ਮੈਂਬਰਾਂ ਵਿੱਚ ਦੋ ਵਿਦਿਆਰਥੀ, ਜਨਤਕ ਹਦਾਇਤ ਦੇ ਸੁਪਰਿੰਟੇਂਡੈਂਟ (Superintendent of Public Instruction), ਇੱਕ ਨਿੱਜੀ ਸਕੂਲਾਂ ਦੇ ਨੁਮਾਇੰਦੇ, ਸਕੂਲ ਬੋਰਡ ਡਾਇਰੈਕਟਰਾਂ ਦੁਆਰਾ ਚੁਣੇ ਗਏ ਪੰਜ ਮੈਂਬਰ, ਅਤੇ ਗਵਰਨਰ ਦੁਆਰਾ ਨਿਯੁਕਤ ਕੀਤੇ ਗਏ ਸੱਤ ਮੈਂਬਰ ਸ਼ਾਮਲ ਹਨ।

**ਅਧਿਕਾਰੀ**


Bill Kallappa
ਚੇਅਰ


Mary Fertakis
ਵਾਈਸ ਚੇਅਰ


Harium Martin-Morris


Dr. Dana Riley Black


Patty Wood

**ਵਿਦਿਆਰਥੀ**


Donalda Brantley


Castulo Gonzalez


Chris Reykdal
ਜਨਤਕ ਹਦਾਇਤ ਦੇ ਸੁਪਰਿੰਟੇਂਡੈਂਟ


Ryan Brault
(ਰਾਇਨ ਬਰੌਲਟ)


Brooke Brown
(ਬਰੁੱਕ ਬ੍ਰਾਊਨ)


Jan Brown
(ਜਾਨ ਬ੍ਰਾਊਨ)


Dr. Angela Griffin
(ਡਾ. ਐਂਜੇਲਾ ਗ੍ਰਿਫਿਨ


Ron Mabry
ਰੋਨ ਮੈਬਰੀ)


Dr. Paul Pitre
(ਡਾ. ਪੌਲ ਪਿਤਰੇ)


Dr. Susana Reyes
(ਡਾ. ਸੁਸਾਨਾ ਰੇਏਸ


Kevin Wang
ਕੇਵਿਨ ਵਾਂਗ)

***6/2024 ਤੱਕ ਸਾਰੇ ਬੋਰਡ ਮੈਂਬਰ**

- **ਸਮਾਵੇਸ਼ੀ ਅਤੇ ਨਿਰਪੱਖ ਸਿੱਖਿਆ ਦੀ ਵਕਾਲਤ ਕਰਨਾ**
  *ਯਕੀਨੀ ਬਣਾਉਣਾ ਕਿ ਹਰ ਵਿਦਿਆਰਥੀ ਨੂੰ ਵਿਕਸਤ ਹੋਣ ਅਤੇ ਖੁਸ਼ਹਾਲ ਹੋਣ ਲਈ ਲੋੜੀਂਦੇ ਮੌਕੇ ਅਤੇ ਸਹਾਇਤਾ ਮਿਲੇ।*

- **ਹਰ ਵਿਦਿਆਰਥੀ ਦੀ ਪ੍ਰਤਿਭਾ ਦਾ ਸਨਮਾਨ ਕਰਨਾ**
  *ਹਰ ਵਿਦਿਆਰਥੀ ਦੀਆਂ ਵੱਖ-ਵੱਖ ਤਾਕਤਾਂ ਅਤੇ ਵਿਲੱਖਣ ਪਿਛੋਕੜ ਨੂੰ ਮਹੱਤਵ ਦੇਣਾ।*

- **ਰਿਸ਼ਤਿਆਂ 'ਤੇ ਕੇਂਦਰਿਤ ਸਿੱਖਣ ਦਾ ਮਾਹੌਲ ਬਣਾਉਣਾ**
  *ਆਪਸੀ ਸਤਿਕਾਰ, ਅਪਣੱਤ ਅਤੇ ਖੁਸ਼ੀ ਨੂੰ ਪ੍ਰੋਤਸਾਹਿਤ ਕਰਨਾ।*

- **ਹਰ ਵਿਦਿਆਰਥੀ ਲਈ ਸਿੱਖਿਆ ਨੂੰ ਨਿੱਜੀ ਬਣਾਉਣਾ**
  *ਹਰ ਵਿਦਿਆਰਥੀ ਨੂੰ ਆਲੋਚਨਾਤਮਕ ਸੋਚ ਅਤੇ ਸਮੱਸਿਆ-ਹੱਲ ਦੇ ਹੁਨਰ ਵਿਕਸਿਤ ਕਰਨ ਲਈ ਚੁਣੌਤੀ ਦੇਣਾ ਅਤੇ ਸਹਾਇਤਾ ਕਰਨਾ।*

- **ਮਜ਼ਬੂਤ ਰਿਸ਼ਤੇ ਅਤੇ ਭਾਈਚਾਰਕ ਸੰਬੰਧ ਬਣਾਉਣਾ**
  *ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਭਾਈਵਾਲੀ ਕਰਕੇ ਨਵੇਂ ਮੌਕੇ ਪੈਦਾ ਕਰਨਾ ਜੋ ਵਿਵਿਧ ਇਤਿਹਾਸ, ਪਛਾਣਾਂ ਅਤੇ ਅਨੁਭਵਾਂ ਨੂੰ ਸ਼ਾਮਲ ਕਰਦੇ ਹਨ।*

- **ਸਮੁੱਚੇ ਵਿਕਾਸ ਦਾ ਸਮਰਥਨ ਕਰਨਾ**
  *ਵਿਦਿਆਰਥੀਆਂ ਦੀ ਤੰਦਰੁਸਤੀ ਅਤੇ ਅਕਾਦਮਿਕ ਵਿਕਾਸ ਨੂੰ ਪੋਸ਼ਿਤ ਕਰਨਾ।*

- **ਸਿੱਖਿਆ ਵਿੱਚ ਵਿਵਿਧ ਪਛਾਣਾਂ ਨੂੰ ਦਰਸ਼ਾਉਣਾ**
  *ਯਕੀਨੀ ਬਣਾਉਣਾ ਕਿ ਪਾਠਕ੍ਰਮ ਸਮਾਵੇਸ਼ੀ ਅਤੇ ਸੱਭਿਆਚਾਰਕ ਤੌਰ 'ਤੇ ਪ੍ਰਤੀਕਿਰਿਆਸ਼ੀਲ ਹੋਵੇ, ਵਿਦਿਆਰਥੀਆਂ ਨੂੰ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸ਼ਕਤੀ ਦੇਵੇ।*

- **ਪ੍ਰਸੰਗਿਕ ਅਤੇ ਦਿਲਚਸਪ ਸਿੱਖਿਆ ਨੂੰ ਪ੍ਰੋਤਸਾਹਿਤ ਕਰਨਾ**
  *ਸਿੱਖਣ ਨੂੰ ਵਿਹਾਰਕ ਅਤੇ ਅਸਲ ਦੁਨੀਆ ਦੇ ਸੰਦਰਭਾਂ ਨਾਲ ਲਾਗੂ ਕਰਨਯੋਗ ਬਣਾਉਣਾ।*

ਭਾਈਚਾਰਿਆਂ ਨਾਲ ਸਹਿਯੋਗ ਕਰਨ ਦੀ ਸਾਡੀ ਵਚਨਬੱਧਤਾ ਦੇ ਸਨਮਾਨ ਵਿੱਚ, ਸਾਡੀ ਰਣਨੀਤਕ ਯੋਜਨਾ ਰਵਾਇਤੀ ਪਹੁੰਚਾਂ ਤੋਂ ਵੱਖਰਾ ਰਾਹ ਅਪਣਾਉਂਦੀ ਹੈ। ਪਹਿਲਾਂ ਤੋਂ ਨਿਰਧਾਰਤ ਨਤੀਜਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਅਸੀਂ ਪ੍ਰਮਾਣਿਕ ਸ਼ਮੂਲੀਅਤ ਨੂੰ ਤਰਜੀਹ ਦਿੰਦੇ ਹਾਂ, ਆਪਣੇ ਭਾਈਵਾਲਾਂ ਦੇ ਨਾਲ ਖੋਜ ਲਈ ਸਵਾਲ ਅਤੇ ਪਹਿਲਕਦਮੀਆਂ ਪੇਸ਼ ਕਰਦੇ ਹਾਂ। ਇਹ ਪਹੁੰਚ ਯਕੀਨੀ ਬਣਾਉਂਦੀ ਹੈ ਕਿ ਸਾਡੇ ਯਤਨ ਸਾਡੇ ਸਿੱਖਿਆ ਭਾਈਚਾਰੇ ਦੀਆਂ ਵਿਵਿਧ ਲੋੜਾਂ ਨੂੰ ਪੂਰਾ ਕਰਦੇ ਹਨ, ਖਾਸ ਤੌਰ 'ਤੇ ਸਾਡੇ ਅਧਿਕਾਰ ਖੇਤਰਾਂ ਦੇ ਅੰਦਰ ਅਸੀਂ ਕੀ ਕਰ ਸਕਦੇ ਹਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ। ਰਣਨੀਤਕ ਫੋਕਸ ਅਤੇ ਪ੍ਰਮਾਣਿਕ ਸ਼ਮੂਲੀਅਤ ਰਾਹੀਂ, ਅਸੀਂ ਇੱਕ ਨਿਰਪੱਖ ਅਤੇ ਸਮਾਵੇਸ਼ੀ K-12 ਸਿੱਖਿਆ ਪ੍ਰਣਾਲੀ ਵਿਕਸਿਤ ਕਰਨ ਦੀ ਇੱਛਾ ਰੱਖਦੇ ਹਾਂ ਜਿੱਥੇ ਹਰ ਵਿਦਿਆਰਥੀ ਨੂੰ ਉਸ ਗਿਆਨ ਅਤੇ ਹੁਨਰਾਂ ਨਾਲ ਸ਼ਕਤੀਸ਼ਾਲੀ ਬਣਾਇਆ ਜਾਵੇ ਜੋ ਉਨ੍ਹਾਂ ਨੂੰ ਬਦਲਦੀ ਦੁਨੀਆ ਵਿੱਚ ਖੁਸ਼ਹਾਲ ਹੋਣ ਲਈ ਚਾਹੀਦੇ ਹਨ।

## ਨਤਕ ਸਿੱਖਿਆ ਦੀ ਵਕਾਲਤ ਅਤੇ ਰਣਨੀਤਕ ਨਿਗਰਾਨੀ

**ਟੀਚਾ**: ਸਿੱਖਿਆ ਦੀ ਸਮਾਨਤਾ ਲਈ ਵਕਾਲਤ ਕਰਨਾ

**ਰਣਨੀਤੀ**: ਨਿਯਮ ਬਣਾਉਣਾ ਅਤੇ ਵਿਧਾਨਕ ਤਰਜੀਹਾਂ ਲਈ ਵਕਾਲਤ ਕਰਨਾ



**2024 - 2028 ਲਈ ਸਾਡੇ ਏਜੰਡੇ ਵਿੱਚ ਸ਼ਾਮਲ ਹਨ:**

- ਬੁਨਿਆਦੀ ਤਰਜੀਹਾਂ ਲਈ ਵਕਾਲਤ ਜਾਰੀ ਰੱਖਣਾ: ਸਿੱਖਿਆ ਦੀ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਜਿੱਥੇ ਹਰ ਵਿਦਿਆਰਥੀ ਨੂੰ ਲੋੜੀਂਦੀ ਸਹਾਇਤਾ ਮਿਲੇ। | ਵਿਦਿਆਰਥੀਆਂ ਦੀਆਂ ਲੋੜਾਂ ਦੇ ਆਧਾਰ 'ਤੇ ਫੰਡ ਵੰਡਣਾ। | ਵਿਸ਼ੇਸ਼ ਸਿੱਖਿਆ ਨੂੰ ਪੂਰੀ ਤਰ੍ਹਾਂ ਫੰਡ ਦੇਣਾ ਅਤੇ ਸਮਾਵੇਸ਼ੀ ਅਭਿਆਸਾਂ ਦਾ ਸਮਰਥਨ ਕਰਨਾ। | ਸਿੱਖਣ ਦੀ ਬਹਾਲੀ ਲਈ ਸਬੂਤ-ਆਧਾਰਿਤ ਰਣਨੀਤੀਆਂ 'ਤੇ ਨਿਵੇਸ਼ ਕਰਨਾ। | ਵਿਦਿਆਰਥੀ ਦੀ ਤੰਦਰੁਸਤੀ ਅਤੇ ਸਹਾਇਕ ਸਿੱਖਣ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ। | ਪ੍ਰਸੰਗਿਕ ਅਤੇ ਦਿਲਚਸਪ ਸਿੱਖਣ ਦੇ ਮੌਕਿਆਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਨਾ।

- ਸਲਾਨਾ ਵਿਧਾਨਕ ਮੰਚ ਵਿਕਸਿਤ ਕਰਨਾ: ਵਿਧਾਨਕ ਵਿਚਾਰ ਲਈ ਮੁੱਖ ਤਰਜੀਹਾਂ ਨੂੰ ਉਭਾਰਨਾ, ਮੰਚ ਦੇ ਵਿਕਾਸ ਵਿੱਚ ਭਾਈਚਾਰੇ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ।

## ਹਾਈ ਸਕੂਲ ਗ੍ਰੈਜੂਏਸ਼ਨ ਅਤੇ ਸਿੱਖਣ ਦੇ ਮਿਆਰ

**ਟੀਚਾ**: ਵਿਦਿਆਰਥੀਆਂ ਨੂੰ ਜ਼ਰੂਰੀ ਗਿਆਨ ਅਤੇ ਹੁਨਰਾਂ ਨਾਲ ਸ਼ਕਤੀਸ਼ਾਲੀ ਬਣਾਉਣਾ

**ਰਣਨੀਤੀ**: ਗ੍ਰੈਜੂਏਸ਼ਨ ਦੀਆਂ ਲੋੜਾਂ ਵਿੱਚ ਸੁਧਾਰ ਕਰਨਾ ਅਤੇ ਰਾਜ ਦੇ ਸਿੱਖਣ ਦੇ ਮਿਆਰਾਂ ਵਿੱਚ ਸੋਧਾਂ ਨੂੰ ਸੂਚਿਤ ਕਰਨਾ



**2024 - 2028 ਲਈ ਸਾਡੇ ਏਜੰਡੇ ਵਿੱਚ ਸ਼ਾਮਲ ਹਨ:**

- ਵਿੱਖ ਲਈ ਤਿਆਰ ਗ੍ਰੈਜੂਏਸ਼ਨ ਲੋੜਾਂ ਦਾ ਢਾਂਚਾ ਤਿਆਰ ਕਰਨਾ: *ਹਾਈ ਸਕੂਲ ਗ੍ਰੈਜੂਏਸ਼ਨ ਅਤੇ ਸਿੱਖਣ ਦੇ ਮਿਆਰ ਜਾਰੀ*

ਵਾਲੇ ਗ੍ਰੈਜੂਏਸ਼ਨ ਲੋੜਾਂ ਦੇ ਸਰਲ ਅਤੇ ਵਧੇ ਹੋਏ ਢਾਂਚੇ ਨੂੰ ਵਿਕਸਿਤ ਕਰਨ ਲਈ ਵਿਆਪਕ ਪਹੁੰਚ ਅਪਣਾਉਣਾ। [ਸਤੰਬਰ 2024 ਬਜਟ ਬੇਨਤੀ, ਦਸੰਬਰ 2025 ਰਿਪੋਰਟ, ਸਤੰਬਰ 2026 ਵਿਧਾਨਕ ਬੇਨਤੀ]

- ਸੱਭਿਆਚਾਰਕ ਤੌਰ 'ਤੇ ਪ੍ਰਤੀਕਿਰਿਆਸ਼ੀਲ ਅਤੇ ਟਿਕਾਊ ਮਹਾਰਤ-ਆਧਾਰਿਤ ਸਿੱਖਣ (ਜਿਸਨੂੰ ਯੋਗਤਾ-ਆਧਾਰਿਤ ਸਿੱਖਿਆ ਵੀ ਕਿਹਾ ਜਾਂਦਾ ਹੈ) ਲਈ ਵਧੇਰੇ ਮੌਕੇ ਪੈਦਾ ਕਰਨਾ: ਪਰਿਵਰਤਨਕਾਰੀ ਸਿੱਖਿਆ ਪਹੁੰਚਾਂ ਨੂੰ ਉਤਸ਼ਾਹਿਤ ਕਰਨਾ, ਪ੍ਰਦਰਸ਼ਨ ਪ੍ਰੋਜੈਕਟਾਂ ਦਾ ਸਮਰਥਨ ਕਰਨਾ, ਅਤੇ ਰਾਜ ਪੱਧਰੀ ਲਾਗੂਕਰਨ ਲਈ ਸਰੋਤ ਵਿਕਸਿਤ ਕਰਨਾ। [ਦਸੰਬਰ 2025 ਵਿਧਾਨਕ ਰਿਪੋਰਟ]

- ਹਾਈ ਸਕੂਲ ਅਤੇ ਉਸ ਤੋਂ ਅੱਗੇ ਦੀ ਯੋਜਨਾ ਵਿੱਚ ਸੁਧਾਰ ਕਰਨਾ: ਨਿੱਜੀ ਯੋਜਨਾਬੰਦੀ ਨੂੰ ਵਧਾਉਣਾ, ਵਿਦਿਆਰਥੀ ਦੀ ਚੋਣ ਦਾ ਸਮਰਥਨ ਕਰਨਾ, ਅਤੇ ਉੱਚ-ਸਿੱਖਿਆ ਦੇ ਰਾਹਾਂ ਲਈ ਤਿਆਰੀ ਨੂੰ ਸੁਖਾਲਾ ਬਣਾਉਣਾ। [ਅਗਸਤ 2025 ਵਿਧਾਨਕ ਰਿਪੋਰਟ]

## ਬੁਨਿਆਦੀ ਸਿੱਖਿਆ

**ਟੀਚਾ**: ਬੁਨਿਆਦੀ ਸਿੱਖਿਆ ਦੇ ਟੀਚਿਆਂ ਦੀ ਪ੍ਰਾਪਤੀ ਦਾ ਸਮਰਥਨ ਕਰਨਾ

**ਰਣਨੀਤੀ**: ਯਕੀਨੀ ਬਣਾਉਣਾ ਕਿ ਸਕੂਲ ਜ਼ਿਲ੍ਹੇ ਘੱਟੋ-ਘੱਟ ਸਿੱਖਿਆ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ



**2024 - 2028 ਲਈ ਸਾਡੇ ਏਜੰਡੇ ਵਿੱਚ ਸ਼ਾਮਲ ਹਨ:**

- ਸਕੂਲਾਂ ਨੂੰ ਵਿਦਿਆਰਥੀਆਂ ਦੀਆਂ ਲੋੜਾਂ ਦੇ ਸਮਰਥਨ ਲਈ ਵੱਖ-ਵੱਖ ਤਰੀਕਿਆਂ ਨਾਲ ਸਿੱਖਿਆ ਪ੍ਰਦਾਨ ਕਰਨ ਦੇ ਯੋਗ ਬਣਾਉਣਾ: ਰੁਕਾਵਟਾਂ ਦੀ ਪਛਾਣ ਕਰਨਾ, ਨਵੀਨਤਾਵਾਂ ਨੂੰ ਉਤਸ਼ਾਹਿਤ ਕਰਨਾ, ਅਤੇ ਵਿਦਿਆਰਥੀ-ਕੇਂਦਰਿਤ ਸਿੱਖਣ ਦੇ ਮਾਡਲਾਂ ਨੂੰ ਉਤਸ਼ਾਹਿਤ ਕਰਨਾ।

## ਸਿੱਖਿਆ ਪ੍ਰਣਾਲੀ ਦੀ ਸਿਹਤ, ਜਵਾਬਦੇਹੀ, ਅਤੇ ਮਾਨਤਾ

**ਟੀਚਾ**: ਸਿੱਖਿਆ ਪ੍ਰਣਾਲੀ ਦੀ ਸਮੁੱਚੀ ਸਿਹਤ ਦਾ ਸਮਰਥਨ ਕਰਨਾ

**ਰਣਨੀਤੀ**: ਜਵਾਬਦੇਹੀ ਦੇ ਟੀਚੇ ਨਿਰਧਾਰਤ ਕਰਨਾ ਅਤੇ ਨਿਗਰਾਨੀ ਕਰਨਾ ਅਤੇ ਪ੍ਰਾਪਤੀਆਂ ਨੂੰ ਮਾਨਤਾ ਦੇਣਾ।



**2024 - 2028 ਲਈ ਸਾਡੇ ਏਜੰਡੇ ਵਿੱਚ ਸ਼ਾਮਲ ਹਨ:**

- ਸਿੱਖਣ ਦੀਆਂ ਸਥਿਤੀਆਂ ਨੂੰ ਸ਼ਾਮਲ ਕਰਨ ਲਈ ਸਕੂਲ ਅਤੇ ਜ਼ਿਲ੍ਹਾ ਜਵਾਬਦੇਹੀ ਪ੍ਰਣਾਲੀ ਦਾ ਵਿਸਤਾਰ ਕਰਨਾ: ਸਾਡੇ ਸਿੱਖਣ ਵਾਤਾਵਰਣ ਦੀ ਗੁਣਵੱਤਾ ਦਾ ਬਿਹਤਰ ਵਰਣਨ ਕਰਨ ਅਤੇ K-12 ਸਿੱਖਿਆ ਵਿੱਚ ਲਗਾਤਾਰ ਸੁਧਾਰ ਦਾ ਸਮਰਥਨ ਕਰਨ ਲਈ ਸਰੋਤਾਂ, ਸਕੂਲ ਦੇ ਮਾਹੌਲ, ਅਤੇ ਹੋਰ ਸਥਿਤੀਆਂ ਬਾਰੇ ਡੇਟਾ ਇਕੱਠਾ ਕਰਨਾ। [ਦਸੰਬਰ 2024 ਅਤੇ 2026 ਵਿਧਾਨਕ ਰਿਪੋਰਟਾਂ]

- ਵਧੇਰੇ ਨਿਰਪੱਖ ਸਕੂਲ ਅਤੇ ਜ਼ਿਲ੍ਹਾ ਮਾਨਤਾ ਪ੍ਰਣਾਲੀ ਵਿਕਸਿਤ ਕਰਨਾ: ਮਾਨਤਾ ਮਾਪਦੰਡਾਂ ਦੀ ਸਮੀਖਿਆ ਕਰਨਾ, ਭਾਈਚਾਰੇ ਦੀ ਫੀਡਬੈਕ ਨੂੰ ਸ਼ਾਮਲ ਕਰਨਾ, ਅਤੇ ਨਿਰਪੱਖ ਸਿੱਖਿਆ ਲਈ ਸਰਵੋਤਮ ਅਭਿਆਸਾਂ ਨੂੰ ਸਾਂਝਾ ਕਰਨਾ।

The Washington State
**BOARD OF EDUCATION**

# ਗ੍ਰੈਜੂਏਟ ਦਾ ਪ੍ਰੋਫਾਈਲ

ਸਾਡੇ ਦ੍ਰਿਸ਼ਟੀਕੋਣ ਦੇ ਅਨੁਸਾਰ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੂੰ ਬਦਲਦੀ ਦੁਨੀਆ ਵਿੱਚ ਖੁਸ਼ਹਾਲ ਹੋਣ ਲਈ ਲੋੜੀਂਦੇ ਗਿਆਨ ਅਤੇ ਹੁਨਰ ਸਿੱਖਣੇ ਹਨ, Washington State Board of Education ਨੂੰ ਇੱਕ ਗ੍ਰੈਜੂਏਟ ਦੇ Washington ਰਾਜ ਪ੍ਰੋਫਾਈਲ ਨੂੰ ਆਪਣੀ 2024-2028 ਰਣਨੀਤਕ ਯੋਜਨਾ ਦੇ ਅਭਿੰਨ ਅੰਗ ਵਜੋਂ ਅਪਣਾਉਣ 'ਤੇ ਬਹੁਤ ਖੁਸ਼ੀ ਹੈ।

ਮਾਸਟਰੀ-ਆਧਾਰਿਤ ਸਿੱਖਣ ਵਰਕ ਗਰੁੱਪ ਦੁਆਰਾ ਵਿਕਸਿਤ, ਬੋਰਡ ਦੇ ਸਮਰਥਨ ਅਤੇ ਭਾਈਚਾਰਕ ਹਿੱਸੇਦਾਰਾਂ ਦੇ ਕੀਮਤੀ ਯੋਗਦਾਨ ਨਾਲ, **ਗ੍ਰੈਜੂਏਟ ਦਾ ਪ੍ਰੋਫਾਈਲ ਉਸ ਜ਼ਰੂਰੀ ਗਿਆਨ, ਹੁਨਰਾਂ ਅਤੇ ਯੋਗਤਾਵਾਂ ਦੀ ਰੂਪ ਰੇਖਾ ਦਿੰਦਾ ਹੈ ਜੋ ਸਾਡੇ ਵਿਦਿਆਰਥੀਆਂ ਨੂੰ ਆਪਣੀ K-12 ਸਿੱਖਿਆ ਯਾਤਰਾ ਦੌਰਾਨ ਵਿਕਸਿਤ ਕਰਨੀਆਂ ਚਾਹੀਦੀਆਂ ਹਨ।**

ਪ੍ਰੋਫਾਈਲ ਮੁੱਖ ਵਿਸ਼ੇ-ਆਧਾਰਿਤ ਗਿਆਨ ਦੀ ਨੀਂਹ 'ਤੇ ਬਣਦਾ ਹੈ ਅਤੇ ਇਸਨੂੰ ਆਲੋਚਨਾਤਮਕ ਸੋਚ, ਸੰਚਾਰ, ਸਹਿਯੋਗ, ਸਮੱਸਿਆ ਹੱਲ ਕਰਨ, ਰਚਨਾਤਮਕਤਾ, ਅਤੇ ਹਮਦਰਦੀ ਵਰਗੇ ਜ਼ਰੂਰੀ ਕ੍ਰਾਸ-ਕਟਿੰਗ ਹੁਨਰਾਂ ਦੇ ਵਿਕਾਸ 'ਤੇ ਜ਼ੋਰ ਦੇ ਕੇ ਵਧਾਉਂਦਾ ਹੈ। ਪ੍ਰੋਫਾਈਲ ਸਿੱਖਿਆ ਦੀ ਸਮੁੱਚੀ ਗੁਣਵੱਤਾ ਨੂੰ ਸੁਧਾਰਨ ਲਈ ਇੱਕ ਗਾਈਡ ਅਤੇ ਸਾਧਨ ਵਜੋਂ ਕੰਮ ਕਰਦਾ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਵਿਦਿਆਰਥੀ ਨਾ ਸਿਰਫ਼ ਉਹ ਗਿਆਨ ਵਿਕਸਿਤ ਕਰਨ ਜਿਸਦੀ ਉਨ੍ਹਾਂ ਨੂੰ ਲੋੜ ਹੈ, ਬਲਕਿ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਫਲਣ, ਸਹਿਯੋਗ ਕਰਨ ਅਤੇ ਉੱਤਮਤਾ ਹਾਸਲ ਕਰਨ ਦੀਆਂ ਯੋਗਤਾਵਾਂ ਵੀ।

ਬੋਰਡ ਦੀ 2024-2028 ਰਣਨੀਤਕ ਯੋਜਨਾ ਸਾਡੇ ਦ੍ਰਿਸ਼ਟੀਕੋਣ ਅਤੇ ਮੁੱਲਾਂ ਦੇ ਨਾਲ-ਨਾਲ, ਸਿੱਖਿਆ ਪ੍ਰਣਾਲੀ ਨੂੰ ਸੁਧਾਰਨ ਦੇ ਸਾਡੇ ਯਤਨਾਂ ਵਿੱਚ ਪ੍ਰੋਫਾਈਲ ਦੀ ਵਰਤੋਂ ਕਰਨ ਲਈ ਸਾਡੀ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ। ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਦਾ ਹਰ ਹਿੱਸਾ, ਵਿਦਿਆਰਥੀਆਂ ਦੇ ਸਿੱਖਣ ਤੋਂ ਲੈ ਕੇ ਅਸੀਂ ਉਨ੍ਹਾਂ ਦੀ ਪ੍ਰਗਤੀ ਨੂੰ ਕਿਵੇਂ ਮਾਪਦੇ ਹਾਂ ਅਤੇ ਆਪਣੇ ਭਾਈਚਾਰਿਆਂ ਨਾਲ ਕਿਵੇਂ ਜੁੜਦੇ ਹਾਂ, ਉਸ ਨਾਲ ਮੇਲ ਖਾਂਦਾ ਹੈ ਜੋ ਅਸੀਂ ਮੰਨਦੇ ਹਾਂ ਕਿ ਭਵਿੱਖ ਵਿੱਚ ਵਿਦਿਆਰਥੀਆਂ ਦੇ ਖੁਸ਼ਹਾਲ ਹੋਣ ਲਈ ਮਹੱਤਵਪੂਰਨ ਹੈ।

## ਗ੍ਰੈਜੂਏਟ ਦਾ ਪ੍ਰੋਫਾਈਲ

### ਬੁਨਿਆਦੀ ਸਿੱਖਿਆ ਦੇ ਟੀਚੇ:

- ਕਈ ਤਰੀਕਿਆਂ ਨਾਲ ਅਤੇ ਕਈ ਦਰਸ਼ਕਾਂ ਨਾਲ ਪ੍ਰਭਾਵਸ਼ਾਲੀ ਸੰਚਾਰ ਮੁੱਖ ਅਕਾਦਮਿਕ ਧਾਰਨਾਵਾਂ ਅਤੇ ਸਿਧਾਂਤਾਂ ਦੀ ਅੰਤਰ-
- ਅਨੁਸ਼ਾਸਨੀ ਵਰਤੋਂ ਆਲੋਚਨਾਤਮਕ ਅਤੇ ਰਚਨਾਤਮਕ ਤਰਕ ਅਤੇ ਸਮੱਸਿਆ ਹੱਲ
- ਕਰਨਾ ਜੀਵਨ ਅਤੇ ਨਾਗਰਿਕ ਜ਼ਿੰਮੇਵਾਰੀਆਂ ਦੀ
- ਨੈਵੀਗੇਸ਼ਨ ਅਤੇ ਅਭਿਆਸ

(ਵਾਸ਼ਿੰਗਟਨ ਦਾ ਸੋਧਿਆ ਹੋਇਆ ਕਾਨੂੰਨ (Revised Code of Washington, RCW) 28A.150.210 ਵੇਖੋ)

### ਨਿੱਜੀ ਵਿਕਾਸ ਅਤੇ ਗਿਆਨ ਦਾ ਵਿਕਾਸ ਕਰਦਾ ਹੈ

*ਆਤਮ-ਵਿਸ਼ਵਾਸ ਦਿਖਾਉਂਦਾ ਹੈ ਸਿੱਖਿਆ ਨੂੰ ਲਾਗੂ ਕਰਦਾ ਹੈ ਨਿੱਜੀ ਅਰਥਪੂਰਨ ਟੀਚੇ ਨਿਰਧਾਰਤ ਕਰਦਾ ਹੈ*

### ਸਮੱਸਿਆਵਾਂ ਹੱਲ ਕਰਦਾ ਹੈ

*ਆਲੋਚਨਾਤਮਕ ਸੋਚਦਾ ਹੈ ਲਚਕਤਾ ਦਿਖਾਉਂਦਾ ਹੈ ਰਚਨਾਤਮਕਤਾ ਨੂੰ ਅਪਣਾਉਂਦਾ ਹੈ*

### ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਦਾ ਹੈ

*ਟੀਮ ਵਿੱਚ ਕੰਮ ਕਰਦਾ ਹੈ ਸਹਿਯੋਗ ਕਰਦਾ ਹੈ ਟਕਰਾਅ ਨੂੰ ਸੰਭਾਲਦਾ ਹੈ*

### ਤੰਦਰੁਸਤੀ ਬਣਾਈ ਰੱਖਦਾ ਹੈ

*ਸ਼ਰੀਰਕ ਅਤੇ ਭਾਵਨਾਤਮਕ ਤੰਦਰੁਸਤੀ ਦਾ ਵਿਕਾਸ ਕਰਦਾ ਹੈ ਹਮਦਰਦੀ ਨੂੰ ਉਤਸ਼ਾਹਿਤ ਕਰਦਾ ਹੈ ਰਿਸ਼ਤੇ ਬਣਾਉਂਦਾ ਹੈ*

### ਵੱਖਰੇਪਣ/ਵਿਵਿਧਤਾ ਨੂੰ ਅਪਣਾਉਂਦਾ ਹੈ

*ਭਾਈਚਾਰੇ ਵਿੱਚ ਭਾਗ ਲੈਂਦਾ ਹੈ ਵਿਸ਼ਵ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਦਾ ਹੈ ਸੱਭਿਆਚਾਰਕ ਯੋਗਤਾ ਦਿਖਾਉਂਦਾ ਹੈ*

### ਜੀਵਨ ਹੁਨਰ/ਸਵੈ-ਏਜੰਸੀ 'ਤੇ ਮਹਾਰਤ ਹਾਸਲ ਕਰਦਾ ਹੈ

*ਪਹਿਲਕਦਮੀ ਕਰਦਾ ਹੈ ਵਿੱਤੀ ਅਤੇ ਡਿਜੀਟਲ ਸਾਖਰਤਾ ਨੂੰ ਸਮਝਦਾ ਹੈ ਸਰੋਤਾਂ ਤੱਕ ਪਹੁੰਚ ਕਰਦਾ ਹੈ*

### ਡਿਪਲੋਮੇ ਦਾ ਉਦੇਸ਼:

ਵਿਦਿਆਰਥੀ ਇਨ੍ਹਾਂ ਵਿੱਚ ਸਫਲਤਾ ਲਈ ਤਿਆਰ ਹਨ:

- ਉੱਚ-ਸਿੱਖਿਆ
- ਲਾਭਕਾਰੀ ਰੁਜ਼ਗਾਰ
- ਨਾਗਰਿਕ ਸ਼ਮੂਲੀਅਤ

ਅਤੇ ਜੀਵਨ ਭਰ ਸਿੱਖਣ ਵਾਲੇ ਬਣਨ ਲਈ ਹੁਨਰਾਂ ਨਾਲ ਲੈਸ ਹਨ।

(RCW 28A.230.090 ਵੇਖੋ)

The Washington State
# BOARD OF EDUCATION

**ਮਾਪਦੰਡ**

2024-2028 ਦੀ ਸਾਡੀ ਰਣਨੀਤਕ ਯੋਜਨਾ ਦੇ ਸੇਵਾ ਵਿੱਚ, State Board of Education ਦੋ ਕਿਸਮ ਦੇ ਮਾਪਦੰਡਾਂ ਦੀ ਨਿਗਰਾਨੀ ਕਰਨ, ਰਿਪੋਰਟ ਕਰਨ ਅਤੇ ਜਵਾਬ ਦੇਣ ਲਈ ਵਚਨਬੱਧ ਹੈ: 1) ਮਾਪਦੰਡ ਜੋ ਰਾਜ ਪੱਧਰੀ ਪ੍ਰਣਾਲੀ ਦੀ ਸਿਹਤ ਦੀ ਨਿਗਰਾਨੀ ਕਰਨ ਦੀ ਸਾਡੀ ਕਾਨੂੰਨੀ ਜ਼ਿੰਮੇਵਾਰੀ ਨੂੰ ਪੂਰਾ ਕਰਦੇ ਹਨ ਅਤੇ 2) ਪ੍ਰਗਤੀ ਦੀ ਨਿਗਰਾਨੀ ਦੇ ਮਾਪਦੰਡ ਜੋ ਬੋਰਡ ਨੂੰ ਸਾਡੀਆਂ ਰਣਨੀਤਕ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਲਈ ਜਵਾਬਦੇਹ ਠਹਿਰਾਉਂਦੇ ਹਨ।

## ਸਿੱਖਿਆ ਪ੍ਰਣਾਲੀ ਦੀ ਸਿਹਤ ਦੇ ਸੂਚਕ

ਰਾਜ ਸਿੱਖਿਆ ਬੋਰਡ "ਮਿਆਰ-ਆਧਾਰਿਤ ਜਵਾਬਦੇਹੀ ਢਾਂਚੇ" ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ ਜੋ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਾਪਤੀ ਨੂੰ ਸੁਧਾਰਨ ਲਈ ਸਕੂਲਾਂ ਦਾ ਸਮਰਥਨ ਕਰਦਾ ਹੈ (RCW 28A.305.130)।

ਸਾਡੇ ਜਨਾਦੇਸ਼ ਦੇ ਹਿੱਸੇ ਵਜੋਂ, ਅਸੀਂ "ਸਿੱਖਿਆ ਪ੍ਰਣਾਲੀ ਦੀ ਸਿਹਤ ਦੇ ਸੂਚਕਾਂ" ਦੀ ਨਿਗਰਾਨੀ ਕਰਦੇ ਹਾਂ ਜੋ ਰਾਜ ਦੇ ਕਾਨੂੰਨ ਵਿੱਚ ਦਰਸਾਏ ਗਏ ਹਨ (RCW 28A.150.550)। ਇਹ ਸੂਚਕ ਸਾਡੀ ਸਿੱਖਿਆ ਪ੍ਰਣਾਲੀ ਦੀ ਸਮੁੱਚੀ ਸਿਹਤ ਦੀ ਇੱਕ ਝਲਕ ਪ੍ਰਦਾਨ ਕਰਦੇ ਹਨ, ਪਹਿਲਾਂ ਤੋਂ ਨਿਰਧਾਰਤ ਨਤੀਜਿਆਂ ਵੱਲ ਪ੍ਰਗਤੀ ਦਾ ਮੁਲਾਂਕਣ ਕਰਦੇ ਹਨ।




| ਸੂਚਕ | ਇਸਨੂੰ ਕਿਵੇਂ ਮਾਪਿਆ ਜਾਂਦਾ ਹੈ | ਸਭ ਤੋਂ ਤਾਜ਼ਾ ਡੇਟਾ | ਪ੍ਰਤੀਸ਼ਤ |
|---|---|---|---|
| ਕਿੰਡਰਗਾਰਟਨ ਲਈ ਤਿਆਰੀ | ਵਿਦਿਆਰਥੀਆਂ ਦਾ ਪ੍ਰਤੀਸ਼ਤ ਜੋ ਵਾਸ਼ਿੰਗਟਨ ਕਿੰਡਰਗਾਰਟਨ ਇਨਵੈਂਟਰੀ ਆਫ ਡਿਵੈਲਪਿੰਗ ਸਕਿੱਲਜ਼ (WA Kindergarten Inventory of Developing Skills, WA KIDS) ਦੇ ਸਾਰੇ ਛੇ ਖੇਤਰਾਂ ਵਿੱਚ ਨਰਸਰੀ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਂਦੇ ਹਨ | 2024 | 52.5% |
| ਚੌਥੇ ਗ੍ਰੇਡ ਦੀ ਪੜ੍ਹਾਈ | ਚੌਥੇ ਗ੍ਰੇਡ ਦੇ ਰਾਜ ਪੱਧਰੀ ਪੜ੍ਹਨ ਦੇ ਮੁਲਾਂਕਣ 'ਤੇ ਮਿਆਰ ਨੂੰ ਪੂਰਾ ਕਰਨ ਜਾਂ ਵੱਧ ਕਰਨ ਵਾਲੇ ਵਿਦਿਆਰਥੀਆਂ ਦਾ ਪ੍ਰਤੀਸ਼ਤ | 2023 | 49.0% |
| ਅੱਠਵੇਂ ਗ੍ਰੇਡ ਦਾ ਗਣਿਤ | ਅੱਠਵੇਂ ਗ੍ਰੇਡ ਦੇ ਰਾਜ ਪੱਧਰੀ ਗਣਿਤ ਮੁਲਾਂਕਣ 'ਤੇ ਮਿਆਰ ਨੂੰ ਪੂਰਾ ਕਰਨ ਜਾਂ ਵੱਧ ਕਰਨ ਵਾਲੇ ਵਿਦਿਆਰਥੀਆਂ ਦਾ ਪ੍ਰਤੀਸ਼ਤ | 2023 | 32.3% |
| ਹਾਈ ਸਕੂਲ ਗ੍ਰੈਜੂਏਸ਼ਨ ਦਰ | ਸਮੇਂ ਸਿਰ (4-ਸਾਲ) ਐਡਜਸਟਡ ਕੋਹੋਰਟ ਗ੍ਰੈਜੂਏਸ਼ਨ ਰੇਟ (Adjusted Cohort Graduation Rate, ACGR) ਦੀ ਵਰਤੋਂ ਕਰਕੇ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਦਾ ਪ੍ਰਤੀਸ਼ਤ | 2023 ਦੀ ਕਲਾਸ | 83.6% |
| ਕਾਲਜ ਦੇ ਕੋਰਸ ਵਰਕ ਲਈ ਤਿਆਰੀ | ਹਾਈ ਸਕੂਲ ਗ੍ਰੈਜੂਏਟਾਂ ਦਾ ਪ੍ਰਤੀਸ਼ਤ ਜੋ ਜਨਤਕ ਉੱਚ-ਸਿੱਖਿਆ ਸੰਸਥਾਵਾਂ ਵਿੱਚ ਦਾਖਲਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਅੰਗਰੇਜ਼ੀ ਜਾਂ ਗਣਿਤ ਵਿੱਚ ਪ੍ਰੀ-ਕਾਲਜ ਜਾਂ ਸੁਧਾਰਾਤਮਕ ਕੋਰਸ ਲੈਣ ਦੀ ਲੋੜ ਨਹੀਂ ਹੁੰਦੀ | 2021 ਦੀ ਕਲਾਸ | 92.0% (4-ਸਾਲ)<br>78.0% (2-ਸਾਲ) |
| ਉੱਚ-ਸਿੱਖਿਆ ਵਿੱਚ ਸ਼ਮੂਲੀਅਤ | ਹਾਈ ਸਕੂਲ ਗ੍ਰੈਜੂਏਟਾਂ ਦਾ ਪ੍ਰਤੀਸ਼ਤ ਜੋ ਗ੍ਰੈਜੂਏਸ਼ਨ ਤੋਂ ਬਾਅਦ ਦੂਜੀ ਅਤੇ ਚੌਥੀ ਤਿਮਾਹੀ ਵਿੱਚ ਉੱਚ-ਸਿੱਖਿਆ, ਸਿਖਲਾਈ ਵਿੱਚ ਦਾਖਲ ਹਨ ਜਾਂ ਰੁਜ਼ਗਾਰ ਵਿੱਚ ਹਨ | 2019 ਦੀ ਕਲਾਸ | 78.7% |

ਹਰੇਕ ਸੂਚਕ ਲਈ 2029 ਦਾ ਟੀਚਾ 90% ਹੈ

**ਭਵਿੱਖ ਦੀ ਦਿਸ਼ਾ**

2024-2028 ਦੀ ਸਾਡੀ ਰਣਨੀਤਕ ਯੋਜਨਾ ਦੇ ਹਿੱਸੇ ਵਜੋਂ, ਬੋਰਡ ਜਵਾਬਦੇਹੀ ਢਾਂਚੇ ਨੂੰ ਵਧਾਉਣ ਦੇ ਤਰੀਕਿਆਂ ਦੀ ਖੋਜ ਕਰ ਰਿਹਾ ਹੈ, ਜਿਸ ਵਿੱਚ ਸਿੱਖਣ ਦੀਆਂ ਸਥਿਤੀਆਂ, ਜਿਵੇਂ ਕਿ ਸਰੋਤ ਅਤੇ ਸਕੂਲ ਦਾ ਮਾਹੌਲ, ਨੂੰ ਸ਼ਾਮਲ ਕਰਨ ਲਈ ਸਿਸਟਮ ਦੀ ਸਿਹਤ ਦੇ ਸੂਚਕਾਂ ਦੇ ਦਾਇਰੇ ਦਾ ਵਿਸਤਾਰ ਕਰਨਾ ਸ਼ਾਮਲ ਹੈ। ਇਸਦਾ ਉਦੇਸ਼ ਸਾਡੇ ਸਿੱਖਣ ਦੇ ਵਾਤਾਵਰਣ ਦੀ ਇੱਕ ਸਪਸ਼ਟ ਤਸਵੀਰ ਪ੍ਰਦਾਨ ਕਰਨਾ ਅਤੇ K-12 ਸਿੱਖਿਆ ਵਿੱਚ ਲਗਾਤਾਰ ਸੁਧਾਰ ਦਾ ਸਮਰਥਨ ਕਰਨਾ ਹੈ।




## ਬੋਰਡ ਦੀ ਪ੍ਰਗਤੀ ਦੀ ਨਿਗਰਾਨੀ ਲਈ ਮਾਪਦੰਡ

ਸਾਡੀ ਰਣਨੀਤਕ ਯੋਜਨਾ ਦੇ ਪ੍ਰਮਾਣਿਕ ਭਾਈਚਾਰਕ ਸ਼ਮੂਲੀਅਤ ਅਤੇ ਸਹਿਯੋਗੀ ਨੀਤੀ ਡਿਜ਼ਾਈਨ ਵੱਲ ਤਬਦੀਲੀ 'ਤੇ ਧਿਆਨ ਕੇਂਦਰਿਤ ਕਰਨ ਦੇ ਅਨੁਕੂਲ, ਹੇਠ ਲਿਖੇ ਮਾਪਦੰਡ ਇਸ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵਿੱਚ ਨਿਵੇਸ਼ ਕੀਤੇ ਗਏ ਪ੍ਰਕਿਰਿਆ ਅਤੇ ਯਤਨਾਂ ਨੂੰ ਕੈਪਚਰ ਕਰਨ ਲਈ ਤਿਆਰ ਕੀਤੇ ਗਏ ਹਨ।

### ਭਾਈਚਾਰਕ ਸ਼ਮੂਲੀਅਤ ਅਤੇ ਸੰਚਾਰ

ਜਿੱਥੇ ਢੁਕਵਾਂ ਹੋਵੇ, ਇਹ ਮਾਪਦੰਡ ਨਸਲ/ਜਾਤੀ, ਆਮਦਨ, ਭੂਮਿਕਾ, ਅਤੇ/ਜਾਂ ਖੇਤਰ ਦੁਆਰਾ ਵੱਖ ਕੀਤੇ ਜਾਣਗੇ

- **ਪਹੁੰਚ**: ਆਯੋਜਿਤ ਕੀਤੇ ਗਏ ਸਮਾਗਮ, ਵਰਤੇ ਗਏ ਸੰਚਾਰ ਚੈਨਲ, ਅਤੇ ਪਹੁੰਚੇ ਗਏ ਦਰਸ਼ਕ।
- **ਭਾਗੀਦਾਰੀ**: ਸ਼ਾਮਲ ਭਾਈਚਾਰੇ ਦੇ ਮੈਂਬਰਾਂ ਦੀ ਸੰਖਿਆ।
- **ਧਾਰਨਾ**: ਬੋਰਡ ਦੇ ਸ਼ਮੂਲੀਅਤ ਯਤਨਾਂ 'ਤੇ ਭਾਈਚਾਰੇ ਦੇ ਮੈਂਬਰਾਂ ਤੋਂ ਫੀਡਬੈਕ ਇਕੱਠਾ ਕਰਨ ਲਈ ਸ਼ਮੂਲੀਅਤ ਤੋਂ ਬਾਅਦ ਦੇ ਸਰਵੇਖਣ।

### ਪ੍ਰਗਤੀ ਅਤੇ ਪੂਰਤੀ

- **ਜਵਾਬਦੇਹੀ**: ਪੁੱਛਗਿੱਛਾਂ ਦਾ ਸਮੇਂ ਸਿਰ ਅਤੇ ਪੂਰਾ ਜਵਾਬ।
- **ਪ੍ਰੋਜੈਕਟ ਬੈਂਚਮਾਰਕ**: ਰਣਨੀਤਕ ਯੋਜਨਾ ਪਹਿਲਕਦਮੀਆਂ ਲਈ ਮੀਲ ਪੱਥਰ ਪੂਰੇ ਕਰਨਾ।
- **ਬੋਰਡ ਦੀਆਂ ਜ਼ਿੰਮੇਵਾਰੀਆਂ**: ਜਨਾਦੇਸ਼ ਵਾਲੇ ਕੰਮਾਂ ਦੀ ਸਮੇਂ ਸਿਰ ਪੂਰਤੀ।

### ਬੋਰਡ ਦੀਆਂ ਤਰਜੀਹਾਂ ਅਤੇ ਸਰੋਤਾਂ ਦੀ ਵਰਤੋਂ

- **ਏਜੰਡਾ ਸਮਾਂ**: ਹਰੇਕ ਤਰਜੀਹ ਨੂੰ ਸਮਰਪਿਤ ਏਜੰਡਾ ਆਈਟਮਾਂ ਦੀ ਸੰਖਿਆ।
- **ਤਰਜੀਹਾਂ ਦੀ ਧਾਰਨਾ**: ਬੋਰਡ ਦੀ ਪ੍ਰਭਾਵਸ਼ੀਲਤਾ ਅਤੇ ਮੁੱਲਾਂ ਨਾਲ ਸੰਰੇਖਣ ਦਾ ਮੀਟਿੰਗ ਤੋਂ ਬਾਅਦ ਦੇ ਸਰਵੇਖਣ ਅਤੇ ਸਲਾਨਾ ਬੋਰਡ ਸਵੈ-ਮੁਲਾਂਕਣ।
- **ਬਜਟ ਤਰਜੀਹਾਂ**: ਰਣਨੀਤਕ ਯੋਜਨਾ ਦੀਆਂ ਤਰਜੀਹਾਂ ਨਾਲ ਸੰਰੇਖਿਤ ਬੋਰਡ ਸਰੋਤ।